بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَاۤ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਖੰਦਕ ਅਤੇ ਜੰਗੇ ਬਨੂ ਕੁਰੇਜ਼ਾ ਦੀ ਰੌਸ਼ਨੀ ਵਿੱਚ
# ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਜੀਵਨੀ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 11 ਅਕਤੂਬਰ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۔ بِسۡمِ اللّٰهِ الرَّحۡمٰنِ الرَّحِيۡمِ ۔ اَلۡحَمۡدُ لِلّٰهِ رَبِّ الۡعٰلَمِيۡنَ ۙ۔ الرَّحۡمٰنِ الرَّحِيۡمِ ۙ۔ مٰلِكِ يَوۡمِ الدِّيۡنِ ؕ۔ اِيَّاكَ نَعۡبُدُ وَاِيَّاكَ نَسۡتَعِيۡنُ ۔ اِهۡدِنَا الصِّرَاطَ الۡمُسۡتَقِيۡمَ ۙ۔ صِرَاطَ الَّذِيۡنَ اَنۡعَمۡتَ عَلَيۡهِمۡ ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਅੱਜ ਕੱਲ੍ਹ ਜੰਗੇ ਅਹਜ਼ਾਬ ਦਾ ਜ਼ਿਕਰ ਚੱਲ ਰਿਹਾ ਹੈ। ਇਹ ਬਿਆਨ ਹੋਇਆ ਸੀ ਕਿ ਕੁਫ਼ਾਰ ਨੇ ਰਾਤ ਨੂੰ ਹਨ੍ਹੇਰੀ ਅਤੇ ਤੂਫਾਨ ਕਰਕੇ ਮੈਦਾਨ ਖਾਲੀ ਕਰ ਦਿੱਤਾ। ਜੱਦ ਰੱਬ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਤੋਂ ਲਸ਼ਕਰਾਂ ਨੂੰ ਵਾਪਸ ਭੇਜ ਦਿੱਤਾ ਤੱਦ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਅੱਜ ਤੋਂ ਬਾਦ ਅਸੀਂ ਕੁਰੇਸ਼ ਦੇ ਖਿਲਾਫ ਨਿਕਲਣਗੇ। ਪਰ ਉਨ੍ਹਾਂ ਨੂੰ ਸਾਡੇ ਖਿਲਾਫ ਨਿਕਲਣ ਦੀ ਹਿੰਮਤ ਨਹੀਂ ਹੋਵੇਗੀ ਅਤੇ ਉਸ ਦੇ ਬਾਦ ਇੰਝ ਹੀ ਹੋਇਆ। ਖੰਦਕ ਦਾ ਘੇਰਾ 15 ਦਿਨ ਜਾਂ ਇੱਕ ਕਥਨ ਅਨੁਸਾਰ 20 ਦਿਨ ਰਾਤ ਜਾਂ ਇੱਕ ਮਹੀਨੇ ਦੇ ਕਰੀਬ ਰਿਹਾ। ਗ਼ਜ਼ਵਾਹ ਖੰਦਕ ਵਿੱਚ 09 ਲੋਕ ਸ਼ਹੀਦ ਹੋਏ ਸਨ ਅਤੇ 02 ਸਹਾਬੀ ਪਹਿਲਾਂ ਸ਼ਹੀਦ ਹੋ ਗਏ ਸਨ, ਜੋ ਅਬੂ ਸੁਫ਼ਯਾਨ ਦੇ ਲਸ਼ਕਰ ਦਾ ਪਤਾ ਕਰਨ ਗਏ ਸਨ। ਇੰਝ ਕੁੱਲ੍ਹ 11 ਸਹਾਬੀ ਸ਼ਹੀਦ ਹੋਏ ਸਨ। ਜੱਦ ਕਿ ਮੁਸ਼ਰਿਕਾਂ ਦੇ 03 ਲੋਕ ਮਾਰੇ ਗਏ।

ਜੰਗੇ ਅਹਜ਼ਾਬ ਦਾ ਚਮਤਕਾਰੀ ਨਤੀਜਾ ਨਿਕਲਿਆ। ਇਸ ਸੰਬੰਧੀ ਹਜਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਲਿੱਖਿਆ ਹੈ ਕਿ ਘੱਟੋ ਘੱਟ 20 ਦਿਨ ਦੇ ਘੇਰੇ ਦੇ ਬਾਦ ਕੁਫ਼ਾਰ ਦਾ ਲਸ਼ਕਰ ਮਦੀਨਾ ਤੋਂ ਵਾਪਸ ਚੱਲਾ ਗਿਆ ਅਤੇ ਬਨੂ ਕੁਰੇਜ਼ਾ ਜੋ ਉਨ੍ਹਾਂ ਦੀ ਮਦਦ ਲਈ ਨਿਕਲੇ ਸਨ। ਉਹ ਵੀ ਆਪਣੇ ਕਿਲ੍ਹਿਆਂ ਵਿੱਚ ਵਾਪਸ ਆ ਗਏ। ਇਸ ਲੜ੍ਹਾਈ ਵਿੱਚ ਕਬੀਲਾ ਓਸ ਦੇ ਸਰਦਾਰ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਨੂੰ ਅਜਿਹਾ ਢੂੰਗਾ ਜ਼ਖਮ ਲੱਗਿਆ ਕਿ ਉਹ ਉਸ ਤੋਂ ਬਾਹਰ ਨ ਨਿਕਲ ਸਕੇ। ਇਸ ਜੰਗ ਵਿੱਚ ਕੁਰੇਸ਼ ਨੂੰ ਕੁੱਝ ਅਜਿਹਾ ਧੱਕਾ ਲੱਗਿਆ ਕਿ ਉਸ ਦੇ ਬਾਦ ਉਨ੍ਹਾਂ ਨੂੰ ਫਿਰ ਕਦੇ ਮੁਸਲਮਾਨਾਂ ਦੇ ਖਿਲਾਫ ਇੰਝ ਜੱਥਾ ਬਣਾ ਕੇ ਨਿਕਲਣ ਜਾਂ ਮਦੀਨਾ ਉੱਤੇ ਹਮਲਾ ਕਰਨ ਦੀ ਹਿੰਮਤ ਨਹੀਂ ਹੋਈ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਭਵਿੱਖਬਾਣੀ ਦਾ ਇੱਕ ਇੱਕ ਸ਼ਬਦ ਪੂਰਾ ਹੋਇਆ।

ਕੁਫ਼ਾਰ ਦੇ ਲਸ਼ਕਰ ਦੇ ਚਲੇ ਜਾਣ ਦੇ ਬਾਦ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਵੀ ਸਹਾਬਾ ਨੂੰ ਵਾਪਸੀ ਦਾ ਹੁਕਮ ਦਿੱਤਾ ਅਤੇ ਮੁਸਲਮਾਨ ਮੈਦਾਨੇ ਜੰਗ ਵਿੱਚੋਂ ਉੱਠ ਕੇ ਮਦੀਨਾ ਵਿੱਚ ਦਾਖਲ ਹੋ ਗਏ। ਜੰਗੇ ਖੰਦਕ ਜਾ ਅਹਜ਼ਾਬ ਜੋ ਅਚਾਨਕ ਖਤਮ ਹੋ ਗਈ। ਇੱਕ ਬਹੁਤ ਹੀ ਖਤਰਨਾਕ ਜੰਗ ਸੀ। ਉਸ ਤੋਂ ਵੱਧ ਕੇ ਕੋਈ ਹੰਗਾਮੀ

ਮੁਸੀਬਤ ਉਸ ਸਮੇਂ ਤੱਕ ਮੁਸਲਮਾਨਾਂ ਉੱਤੇ ਨਹੀਂ ਆਈ ਸੀ ਅਤੇ ਨ ਹੀ ਉਸ ਤੋਂ ਬਾਦ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਜ਼ਿੰਦਗੀ ਵਿੱਚ ਕੋਈ ਇਨ੍ਹੀਂ ਮੁਸੀਬਤ ਉਨ੍ਹਾਂ ਉੱਤੇ ਆਈ । ਇਹ ਖਤਰਨਾਕ ਭੂਕੰਪ ਸੀ । ਜਿਸ ਨੇ ਇਸਲਾਮ ਦੀ ਇਮਾਰਤ ਨੂੰ ਜੜ੍ਹੋਂ ਹਿਲਾ ਦਿੱਤਾ ਅਤੇ ਕਮਜ਼ੋਰ ਲੋਕਾਂ ਨੇ ਸਮਝ ਲਿਆ ਕਿ ਬਸ ਹੁਣ ਅੰਤ ਹੈ । ਇਸ ਮੁਸੀਬਤ ਦੀ ਸਖਤੀ ਨੂੰ ਬਨੂ ਕੁਰੇਜ਼ਾ ਦੀ ਗੱਦਾਰੀ ਨੇ ਦੋ ਗੁਣਾ ਕਰ ਦਿੱਤਾ । ਇਸ ਸਾਰੇ ਫ਼ਸਾਦ ਦੇ ਪਿੱਛੇ ਬਨੂ ਨਜ਼ੀਰ ਦੇ ਉਹ ਯਹੂਦੀ ਸਨ । ਜਿਨ੍ਹਾਂ ਉੱਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਮਿਹਰ ਕਰਕੇ ਉਨ੍ਹਾਂ ਨੂੰ ਮਦੀਨਾ ਤੋਂ ਅਮਨ ਨਾਲ ਨਿਕਲਣ ਦੀ ਆਗਿਆ ਦਿੱਤੀ ਸੀ । ਇਹ ਉਨ੍ਹਾਂ ਯਹੂਦੀ ਸਰਦਾਰਾ ਦਾ ਭੜਕਾਉਣਾ ਸੀ । ਜਿਸ ਨਾਲ ਅਰਬ ਦੇ ਸਾਰੇ ਮਸ਼ਹੂਰ ਕਬੀਲੇ ਇਸਲਾਮ ਦੁਸ਼ਮਣੀ ਦੇ ਨਸ਼ੇ ਵਿੱਚ ਚੂਰ ਹੋ ਕੇ ਮੁਸਲਮਾਨਾਂ ਨੂੰ ਮਿਟਾਉਣ ਲਈ ਮਦੀਨਾ ਉੱਤੇ ਜਮ੍ਹਾਂ ਹੋ ਗਏ ਸਨ । ਇਹ ਯਕੀਨੀ ਗੱਲ੍ਹ ਹੈ ਕਿ ਜੇਕਰ ਉਸ ਸਮੇਂ ਉਨ੍ਹਾਂ ਜੰਗਲੀ ਲੋਕਾਂ ਨੂੰ ਸ਼ਹਿਰ ਵਿੱਚ ਦਾਖਲ ਹੋਣ ਦਾ ਮੌਕਾ ਮਿਲ ਜਾਂਦਾ ਤਾਂ ਇੱਕ ਵੀ ਮੁਸਲਮਾਨ ਜ਼ਿੰਦਾ ਨ ਬੱਚਦਾ ਅਤੇ ਕਿਸੇ ਪਵਿੱਤਰ ਔਰਤ ਦੀ ਇੱਜ਼ਤ ਉਨ੍ਹਾਂ ਲੋਕਾਂ ਦੇ ਅਪਵਿੱਤਰ ਹਮਲਿਆਂ ਤੋਂ ਨ ਬੱਚਦੀ । ਪਰ ਇਹ ਕੇਵਲ ਰੱਬ ਦੀ ਮਿਹਰ ਅਤੇ ਉਸ ਦੀ ਕੁਦਰਤ ਦਾ ਹੱਥ ਸੀ ਕਿ ਇਸ ਟਿੱਡੀ ਦੱਲ ਨੂੰ ਵਾਪਸ ਜਾਣਾ ਪਿਆ ਅਤੇ ਮੁਸਲਮਾਨ ਧੰਨਵਾਦ ਨਾਲ ਅਮਨ ਦਾ ਸਾਹ ਲੈਂਦੇ ਹੋਏ ਆਪਣੇ ਘਰਾਂ ਵਿੱਚ ਵਾਪਸ ਆ ਗਏ ।

ਪਰ ਬਨੂ ਕੁਰੇਜ਼ਾ ਦਾ ਖਤਰਾ ਕਾਯਮ ਸੀ ਅਤੇ ਉਨ੍ਹਾਂ ਦੇ ਫ਼ਸਾਦ ਦੀ ਰੋਕਥਾਮ ਕਰਨੀ ਜ਼ਰੂਰੀ ਸੀ । ਉਸ ਦੀ ਰੋਕਥਾਮ ਲਈ ਬਨੂ ਕੁਰੇਜ਼ਾ ਦੇ ਖਿਲਾਫ ਵੀ ਕਾਰਵਾਈ ਹੋਈ । ਜਿਸ ਨੂੰ ਜੰਗੇ ਬਨੂ ਕੁਰੇਜ਼ਾ ਕਹਿੰਦੇ ਹਨ । ਜੋ ਜ਼ੁਲ ਕਾਅਦਾ 05 ਹਿਜਰੀ ਅਨੁਸਾਰ ਮਾਰਚ/ਅਪ੍ਰੈਲ 627ਈ ਵਿੱਚ ਹੋਇਆ । ਜੰਗੇ ਖੰਦਕ ਤੋਂ ਵਾਪਸ ਆਉਣ ਦੇ ਬਾਦ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਅਤੇ ਸਹਾਬਾ ਨੇ ਹਥਿਆਰ ਉਤਾਰ ਦਿੱਤੇ । ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਫ਼ਰਮਾਉਂਦੀ ਹਨ ਕਿ ਅਸੀਂ ਘਰ ਵਿੱਚ ਸਨ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਨੂੰ ਇੱਕ ਆਦਮੀ ਨੇ ਆਵਾਜ਼ ਦਿੱਤੀ ਅਤੇ ਕਿਹਾ ਕਿ ਹੇ ਅੱਲਾਹ ਦੇ ਰਸੂਲ ! ਆਪ ਨੇ ਹਥਿਆਰ ਉਤਾਰ ਦਿੱਤੇ । ਰੱਬ ਦੀ ਕਸਮ ! ਅਸੀਂ ਹਥਿਆਰ ਨਹੀਂ ਉਤਾਰੇ ਅਤੇ ਹਾਲੇ ਤੱਕ ਅਸੀਂ ਅਹਜ਼ਾਬ ਦਾ ਪਿੱਛਾ ਕਰਕੇ ਵਾਪਸ ਆ ਰਹੇ ਹਾਂ । ਇੱਥੇ ਤੱਕ ਕਿ ਅਸੀਂ ਹਮਰਾਉੱਲ ਅਸਦ ਤੱਕ ਪਹੁੰਚ ਗਏ ਅਤੇ ਰੱਬ ਨੇ ਉਨ੍ਹਾਂ ਨੂੰ ਹਰਾ ਦਿੱਤਾ ਅਤੇ ਇਸ਼ਾਰੇ ਨਾਲ ਆਪ ਸੱਲਲਾਹੁ ਅਲੈਹਿ ਵੱਸਲਮ ਨੂੰ ਬਨੂ ਕੁਰੇਜ਼ਾ ਵੱਲ੍ਹ ਵੱਧਣ ਲਈ ਕਿਹਾ । ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਦੇ ਪੁੱਛਣ ਉੱਤੇ ਕਿ ਇਹ ਹਜ਼ਰਤ ਦਾਹਿਆ ਕਲਬੀ ਰਜ਼ੀ ਅੱਲਾਹ ਅੰਨਹੁ ਸਨ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਇਹ ਹਜ਼ਰਤ ਜਿਬਰਾਈਲ ਅਲੈਹਿ ਸਲਾਮ ਸਨ । ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਉਸੇ ਸਮੇਂ ਐਲਾਨ ਕਰਵਾਇਆ ਕਿ ਬਨੂ ਕੁਰੇਜ਼ਾ ਵੱਲ੍ਹ ਨਿਕਲੋਂ ਅਤੇ ਅਸਰ ਦੀ ਨਮਾਜ਼ ਉੱਥੇ ਪੜ੍ਹੋ । ਸੋ, ਐਲਾਨ ਸੁਣਦੇ ਹੀ ਸਹਾਬਾ ਤੇਜ਼ੀ ਨਾਲ ਨਿਕਲੇ । ਕੁੱਝ ਸਹਾਬਾ ਨੇ ਅਸਰ ਦੀ ਨਮਾਜ਼ ਦਾ ਸਮਾਂ ਖਤਮ ਹੋਣ ਦੇ ਡਰ ਨਾਲ ਰਾਹ ਵਿੱਚ ਹੀ ਨਮਾਜ਼ ਪੜ੍ਹ ਲਈ ਅਤੇ ਕੁੱਝ ਸਹਾਬਾ ਨੇ ਬਨੂ ਕੁਰੇਜ਼ਾ ਵਿੱਚ ਜਾ ਕੇ ਨਮਾਜ਼ ਅਸਰ ਪੜ੍ਹੀ । ਜੱਦਕਿ ਸੂਰਜ ਡੁੱਬ ਗਿਆ ਸੀ । ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਦੋਵਾਂ ਗਰੋਹਾਂ ਨੂੰ ਕੁੱਝ ਨਹੀਂ ਕਿਹਾ । ਆਪ ਸੱਲਲਾਹੁ ਅਲੈਹਿ ਵੱਸਲਮ ਨੇ ਹਜ਼ਰਤ ਅਲੀ ਰਜੀ ਅੱਲਾਹ ਅੰਨਹੁ ਨੂੰ ਸੱਦਿਆ ਅਤੇ ਉਨ੍ਹਾਂ ਨੂੰ ਲਸ਼ਕਰ ਦਾ ਕਾਲੇ ਰੰਗ ਦਾ ਉਕਾਬ ਨਾਮੀ ਝੰਡਾ ਦਿੱਤਾ । ਸਭ ਤੋਂ ਪਹਿਲਾਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਨੂੰ ਇੱਕ ਜਮਾਤ ਦੇ ਨਾਲ ਅੱਗੇ ਭੇਜਿਆ ਅਤੇ ਫਿਰ ਆਪ ਵੀ ਉਨ੍ਹਾਂ ਦੇ ਪਿੱਛੇ ਨਿਕਲੇ ।

ਮੁਸਲਮਾਨਾਂ ਦੇ ਬਨੂ ਕੁਰੇਜ਼ਾ ਦੇ ਘੇਰਾਓ ਦਾ ਹੋਰ ਵਿਸਥਾਰ ਇੰਝ ਬਿਆਨ ਹੋਇਆ ਹੈ ਕਿ ਜੱਦ ਘੇਰਾਓ ਲੰਮਾ ਹੋ ਗਿਆ ਅਤੇ ਯਹੂਦੀਆਂ ਨੂੰ ਘੇਰਾਓ ਖਤਮ ਕਰਨ ਦਾ ਕੋਈ ਰਸਤਾ ਨ ਮਿਲਿਆ ਤਾਂ ਉਨ੍ਹਾਂ ਦੇ ਸਰਦਾਰ ਕਾਅਬ ਬਿਨ ਅਸਦ ਨੇ ਉਨ੍ਹਾਂ ਦੇ ਸਾਮ੍ਹਣੇ 03 ਸੁਝਾਵ ਪੇਸ਼ ਕੀਤੇ ।

ਪਹਿਲਾ ਅਸੀਂ ਮੁਹੱਮਦ (ਸੱਲਲਾਹੁ ਅਲੈਹਿ ਵੱਸਲਮ) ਨੂੰ ਮੰਨ ਕੇ ਮੁਸਲਮਾਨ ਹੋ ਜਾਈਏ । ਕਿਉਂਕਿ ਆਪ (ਸੱਲਲਾਹੁ ਅਲੈਹਿ ਵੱਸਲਮ ) ਦੀ ਸੱਚਾਈ ਪ੍ਰਕਟ ਹੋ ਗਈ ਹੈ । ਇੰਝ ਜ਼ਰੂਰ ਹੀ ਜੰਗ ਰੁੱਕ ਜਾਵੇਗੀ ।

ਦੂਜਾ ਅਸੀਂ ਆਪਣੇ ਬੱਚਿਆਂ ਅਤੇ ਔਰਤਾਂ ਨੂੰ ਕਤਲ ਕਰਕੇ ਪਿੱਛੇ ਦੀ ਚਿੰਤਾ ਤੋਂ ਮੁਕਤ ਹੋ ਕੇ ਤਲਵਾਰਾਂ ਲੈ ਕੇ ਮੈਦਾਨ ਵਿੱਚ ਨਿਕਲ ਜਾਈਏ ਅਤੇ ਫਿਰ ਹੋ ਲੈਣ ਦਿਓ ਜੋ ਹੁੰਦਾ ।

ਤੀਜਾ ਅੱਜ ਸਬਤ ਦੀ ਰਾਤ ਹੈ ਅਤੇ ਮੁਹੱਮਦ (ਸੱਲਲਾਹੁ ਅਲੈਹਿ ਵੱਸਲਮ) ਅਤੇ ਉਸ ਦੇ ਸਾਥੀ ਅੱਜ ਆਪਣੇ ਆਪ ਨੂੰ ਸਾਡੇ ਵਲ੍ਹੋਂ ਅਮਨ ਵਿੱਚ ਸਮਝਦੇ ਹੋਣਗੇ । ਸੋ, ਅੱਜ ਰਾਤ ਅਸੀਂ ਕਿਲ੍ਹੇ ਤੋਂ ਨਿਕਲ ਕੇ ਆਪ (ਸੱਲਲਾਹੁ ਅਲੈਹਿ ਵੱਸਲਮ) ਅਤੇ ਆਪ ਦੇ ਸਾਥੀਆਂ ਉੱਤੇ ਹਮਲਾ ਕਰਕੇ ਜਿੱਤ ਜਾਈਏ । ਪਰ ਬਨੂ ਕੁਰੇਜ਼ਾ ਨੇ ਕੋਈ ਵੀ ਸੁਝਾਵ ਮੰਨ ਤੋਂ ਇੰਨਕਾਰ ਕਰ ਦਿੱਤਾ ਅਤੇ ਮਾਮਲਾ ਉੱਥੇ ਦਾ ਉੱਥੇ ਹੀ ਰਿਹਾ । ਕਾਅਬ ਦੇ ਬਾਦ ਇੱਕ ਹੋਰ ਯਹੂਦੀ ਅਮਰ ਬਿਨ ਸਾਅਦੀ ਨੇ ਕਿਹਾ ਕਿ ਤੁਸੀਂ ਮੁਹੱਮਦ (ਸੱਲਲਾਹੁ ਅਲੈਹਿ ਵੱਸਲਮ) ਨਾਲ ਸੰਧੀ ਕੀਤੀ ਹੈ ਅਤੇ ਉਸ ਨੂੰ ਤੋੜ੍ਹ ਦਿੱਤਾ । ਯਹੂਦੀਅਤ ਉੱਤੇ ਕਾਯਮ ਰਹੋ ਅਤੇ ਉਨ੍ਹਾਂ ਨੂੰ ਟੈਕਸ ਦਿਓ । ਪਰ ਉਸ ਯਹੂਦੀ ਦਾ ਸੂਝਾਵ ਵੀ ਰੱਦ ਕਰ ਦਿੱਤਾ ਗਿਆ । ਜਿਸ ਉੱਤੇ ਉਹ ਉਸੇ ਰਾਤ ਕਿਲ੍ਹੇ ਤੋਂ ਬਾਹਰ ਨਿਕਲ ਗਿਆ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਦੀ ਆਗਿਆ ਨਾਲ ਉਸ ਨੂੰ ਛੱਡ ਦਿੱਤਾ ਗਿਆ । ਆਪ ਸੱਲਲਾਹੁ ਅਲੈਹਿ ਵੱਸਲਮ ਨੇ ਉਸ ਨੂੰ ਫ਼ਰਮਾਇਆ ਕਿ ਤੂੰ ਅਜਿਹਾ ਆਦਮੀ ਹੈ । ਜਿਸ ਨੂੰ ਰੱਬ ਨੇ ਉਸ ਦੀ ਵਫ਼ਾਦਾਰੀ ਕਰਕੇ ਮੁਕਤੀ ਦਿੱਤੀ ਹੈ । ਆਪ ਸੱਲਲਾਹੁ ਅਲੈਹਿ ਵੱਸਲਮ ਦੀ ਇਹ ਗੱਲ੍ਹਾਂ ਸੁਣ ਕੇ 03 ਹੋਰ ਵਿਅਕਤੀ ਉਸੇ ਰਾਤ ਕਿਲ੍ਹੇ ਤੋਂ ਬਾਹਰ ਆ ਕੇ ਮੁਸਲਮਾਨ ਹੋ ਗਏ ਅਤੇ ਆਪਣੀ ਜਾਨ, ਆਪਣੇ ਪਰਿਵਾਰ ਅਤੇ ਆਪਣੇ ਕਰਮ ਬਚਾ ਲਏ ।

ਹਜ਼ਰਤ ਅਬੂ ਲਬਾਬਾ ਰਜੀ ਅੱਲਾਹ ਅੰਨਹੁ ਦਾ ਕਿੱਸਾ ਵੀ ਬਿਆਨ ਹੋਇਆ ਹੈ । ਇਸ ਬਾਰੇ ਲਿੱਖਿਆ ਹੈ ਕਿ ਬਨੂ ਕੁਰੇਜ਼ਾ ਦੀ ਇੱਛਾ ਉੱਤੇ ਗੱਲ੍ਹ ਬਾਤ ਲਈ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਹਜ਼ਰਤ ਅਬੂ ਲਬਾਬਾ ਰਜ਼ੀ ਅੱਲਾਹ ਅੰਨਹੁ ਬਿਨ ਮਨਜ਼ਰ ਅੰਨਸਾਰੀ ਰਜ਼ੀ ਅੱਲਾਹ ਅੰਨਹੁ ਨੂੰ ਉਨ੍ਹਾਂ ਦੇ ਕਿਲ੍ਹੇ ਦੇ ਅੰਦਰ ਭੇਜਿਆ । ਬਨੂ ਕੁਰੇਜ਼ਾ ਨੇ ਚਾਲ ਚਲੀ ਅਤੇ ਜਿਵੇਂ ਹੀ ਹਜ਼ਰਤ ਅਬੂ ਲਬਾਬਾ ਰਜ਼ੀ ਅੱਲਾਹ ਅੰਨਹੁ ਕਿਲ੍ਹੇ ਦੇ ਅੰਦਰ ਦਾਖਲ ਹੋਏ ਤਾਂ ਉਨ੍ਹਾਂ ਦੀਆਂ ਔਰਤਾਂ ਅਤੇ ਬੱਚੇ ਉਨ੍ਹਾਂ ਦੇ ਸਾਮ੍ਹਣੇ ਰੌਣ ਲੱਗੇ । ਹਜ਼ਰਤ ਅਬੂ ਲਬਾਬਾ ਰਜ਼ੀ ਅੱਲਾਹ ਅੰਨਹੁ ਉਨ੍ਹਾਂ ਲਈ ਨਰਮ ਹੋ ਗਏ । ਉਨ੍ਹਾਂ ਨੇ ਕਿਹਾ ਕਿ ਮੁਹੱਮਦ (ਸੱਲਲਾਹੁ ਅਲੈਹਿ ਵੱਸਲਮ) ਆਪਣਾ ਫੈਸਲਾ ਕਬੂਲ ਕਰਵਾਉਣ ਤੋਂ ਬਿਨਾਂ ਕਿਸੇ ਗੱਲ੍ਹ ਲਈ ਤਿਆਰ ਨਹੀਂ ਹਨ । ਆਪ ਦਾ ਕੀ ਖਿਆਲ ਹੈ ਕਿ ਅਸੀਂ ਉਨ੍ਹਾਂ ਦੇ ਫੈਸਲੇ ਨੂੰ ਕਬੂਲ ਕਰ ਲਈਏ ? ਤਾਂ ਹਜ਼ਰਤ ਅਬੂ ਲਬਾਬਾ ਰਜ਼ੀ ਅੱਲਾਹ ਅੰਨਹੁ ਨੇ ਉੱਤਰ ਦਿੱਤਾ ਅਤੇ ਆਪਣੇ ਹੱਥ ਨਾਲ ਆਪਣੇ ਗਲੇ ਵੱਲ੍ਹ ਜ਼ਿਬਾਹ ਦਾ ਇਸ਼ਾਰਾ ਕੀਤਾ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਤੁਹਾਡੇ ਕਤਲ ਦਾ ਹੁਕਮ ਦੇਣਗੇ । ਜੱਦ ਕਿ ਇਹ ਬਿਲਕੁੱਲ ਗਲਤ ਸੀ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਅਜਿਹਾ ਕੋਈ ਇਰਾਦਾ ਪ੍ਰਕਟ ਨਹੀਂ ਕੀਤਾ ਸੀ । ਹਜ਼ਰਤ ਅਬੂ ਲਬਾਬਾ ਰਜ਼ੀ ਅੱਲਾਹ ਅੰਨਹੁ ਕਹਿੰਦੇ ਹਨ ਕਿ ਰੱਬ ਦੀ ਸੌਂਹ ! ਮੈਂ ਮਹਿਸੂਸ ਕੀਤਾ ਕਿ ਮੈਂ ਰੱਬ ਅਤੇ ਉਸ ਦੇ ਰਸੂਲ ਨਾਲ ਖਿਆਨਤ ਕੀਤੀ ਹੈ । ਮੈਂ ਸ਼ਰਮਿੰਦਾ ਹੋਇਆ ਕਿ ਇਹ ਕੀ ਇਸ਼ਾਰਾ ਕਰ

ਦਿੱਤਾ ਅਤੇ ਵਾਪਸ ਆ ਕੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਕੋਲ੍ਹ ਨਹੀਂ ਗਿਆ ਅਤੇ ਮਸਜਿਦ ਵਿੱਚ ਜਾ ਕੇ ਆਪਣੇ ਆਪ ਨੂੰ ਸਜ਼ਾ ਵਜੋਂ ਖੰਬੇ ਨਾਲ ਬੰਨ੍ਹ ਲਿਆ ਅਤੇ ਕਿਹਾ ਕਿ ਮੈਂ ਇੱਥੋਂ ਨਹੀਂ ਹਟਾਂਗਾ। ਇੱਥੇ ਤੱਕ ਕਿ ਮਰ ਜਾਵਾਂ ਜਾਂ ਰੱਬ ਮੇਰੇ ਇਸ ਕਰਮ ਉੱਤੇ ਮੇਰੀ ਤੋਬਾ ਕਬੂਲ ਕਰ ਲਏ। ਇਬਨੇ ਹਸ਼ਾਮ ਕਹਿੰਦੇ ਹਨ ਕਿ ਉਹ 06 ਰਾਤਾਂ ਤੱਕ ਬੰਨ੍ਹੇ ਰਹੇ। ਇੱਥੇ ਤੱਕ ਕਿ ਰੱਬ ਨੇ ਹਜ਼ਰਤ ਅਬੂ ਲਬਾਬਾ ਰਜ਼ੀ ਅੱਲਾਹ ਅੰਨਹੁ ਦੀ ਤੋਬਾ ਕਬੂਲ ਕੀਤੀ ਅਤੇ ਉਸ ਸੰਬੰਧੀ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਉੱਤੇ ਆਇਤ ਉਤਰੀ।

ਇਸ ਦਾ ਵਿਸਥਾਰ ਜਾਰੀ ਰਹਿਣ ਦਾ ਇਰਸ਼ਾਦ ਫਰਮਾ ਕੇ ਹਜ਼ੂਰੇ ਅਨਵਰ ਨੇ ਦੁਆਵਾਂ ਦੀ ਤਹਰੀਕ ਕਰਦੇ ਹੋਏ ਫ਼ਰਮਾਇਆ :

ਪਾਕਿਸਤਾਨ ਦੇ ਅਹਮਦੀਆਂ ਨੂੰ ਆਪ ਵੀ ਆਪਣੇ ਲਈ ਦੁਆ ਕਰਨੀ ਚਾਹੀਦੀ ਹੈ। ਅੱਜ ਕੱਲ੍ਹ ਉਨ੍ਹਾਂ ਉੱਤੇ ਜ਼ਮੀਨ ਤੰਗ ਤੋਂ ਤੰਗ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਰੱਬ ਦੀ ਰਜ਼ਾ ਪ੍ਰਾਪਤ ਕਰਨ ਦੀ ਪਹਿਲਾਂ ਨਾਲੋਂ ਵੱਧ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਿਉਂਕਿ ਉਨ੍ਹਾਂ ਦੇ ਹਾਲਾਤ ਖਰਾਬ ਤੋਂ ਖਰਾਬ ਹੁੰਦੇ ਜਾ ਰਹੇ ਹਨ। ਰੱਬ ਫ਼ਜ਼ਲ ਅਤੇ ਰਹਿਮ ਫਰਮਾਏ। ਇੰਝ ਹੀ ਦੁਨੀਆਂ ਵਿੱਚ ਵੱਸਣ ਵਾਲੇ ਪਾਕਿਸਤਾਨੀ ਅਹਮਦੀ ਵੀ ਖਾਸ ਤੌਰ ਉੱਤੇ ਆਪਣੇ ਪਾਕਿਸਤਾਨੀ ਅਹਮਦੀਆਂ ਲਈ ਦੁਆਵਾਂ ਕਰਨ। ਰੱਬ ਉਨ੍ਹਾਂ ਨੂੰ ਮੁਸ਼ਕਿਲ੍ਹਾਂ ਤੋਂ ਮੁਕਤੀ ਬਖਸ਼ੇ। ਆਮੀਨ

ਇੰਝ ਹੀ ਬੰਗਲਾਦੇਸ਼ ਦੇ ਅਹਮਦੀਆਂ ਲਈ ਵੀ ਦੁਆ ਕਰੋ ਅਤੇ ਉਹ ਆਪ ਵੀ ਆਪਣੇ ਲਈ ਦੁਆ ਕਰਨ। ਰੱਬ ਹਰ ਸ਼ਰ ਤੋਂ ਉਨ੍ਹਾਂ ਨੂੰ ਵੀ ਬਚਾਏ। ਉੱਥੇ ਵੀ ਅਹਮਦੀ ਬਹੁਤ ਮੁਸ਼ਕਿਲਾਂ ਵਿੱਚ ਹਨ। ਅਲ-ਜਜ਼ਾਇਰ ਦੇ ਅਹਮਦੀਆਂ ਲਈ ਵੀ ਦੁਆ ਕਰੋ। ਰੱਬ ਉਨ੍ਹਾਂ ਨੂੰ ਵੀ ਹਰ ਸ਼ਰ ਤੋਂ ਬਚਾਏ। ਉਨ੍ਹਾਂ ਨੂੰ ਵੀ ਫੜ੍ਹਿਆ ਜਾ ਰਿਹਾ ਹੈ। ਰੱਬ ਉਨ੍ਹਾਂ ਦਾ ਈਮਾਨ ਮਜ਼ਬੂਤ ਰੱਖੇ। ਸੂਡਾਨ ਦੇ ਅਹਮਦੀ ਵੀ ਉੱਥੇ ਜੰਗੀ ਹਾਲਾਤ ਕਰਕੇ ਬੁਰੇ ਹਾਲ ਵਿੱਚ ਹਨ। ਉਨ੍ਹਾਂ ਲਈ ਵੀ ਦੁਆ ਕਰੋ।

ਹਰ ਥਾਂ ਮੁਸਲਮਾਨ, ਮੁਸਲਮਾਨ ਦੇ ਹੱਥੋਂ ਮੁਸ਼ਕਿਲਾਂ ਵਿੱਚ ਗਿਰਫ਼ਤਾਰ ਹੈ ਅਤੇ ਇਹੀ ਕਰਨ ਹੈ ਕਿ ਗੈਰ, ਇਸਲਾਮ ਵਿਰੋਧੀ ਲੋਕ ਮੁਸਲਮਾਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਬਹੁਤ ਦੁਆ ਕਰੋ। ਰੱਬ ਇਸਰਾਈਲੀ ਹਕੂਮਤ ਅਤੇ ਅਮਰੀਕਾ ਦੀ ਹਕੂਮਤ ਅਤੇ ਵੱਡੀ ਤਾਕਤਾਂ ਦੇ ਹੱਥਾਂ ਨੂੰ ਰੋਕ ਸਕਦਾ ਹੈ। ਉਸ ਦੇ ਹੱਥ ਵਿੱਚ ਸਭ ਤਾਕਤ ਹੈ। ਪਰ ਇਸ ਲਈ ਮੁਸਲਮਾਨਾਂ ਨੂੰ ਵੀ ਆਪਣੇ ਅਮਲ ਰੱਬ ਦੀ ਰਜ਼ਾ ਅਨੁਸਾਰ ਕਰਨੇ ਹੋਣਗੇ ਅਤੇ ਭਾਈ ਭਾਈ ਹੋਣ ਦਾ ਨਮੂਨਾ ਬਣਨਾ ਹੋਵੇਗਾ। ਆਪਸੀ ਵਿਰੋਧਾਂ ਨੂੰ ਖਤਮ ਕਰਨਾ ਹੋਵੇਗਾ। ਜੋ ਸਾਨੂੰ ਕਿੱਥੇ ਨਜ਼ਰ ਨਹੀਂ ਆ ਰਿਹਾ। ਤੱਦ ਹੀ ਰੱਬ ਦੀ ਮਦਦ ਦਾ ਵਚਨ ਵੀ ਪੂਰਾ ਹੋਵੇਗਾ। ਇਸ ਤੋਂ ਬਿਨਾਂ ਨਹੀਂ ਹੋ ਸਕਦਾ ਮੁਸਲਮਾਨਾਂ ਨੂੰ ਮੋਮਿਨ ਬਣ ਕੇ ਰਹਿਣਾ ਹੋਵੇਗਾ। ਰੱਬ ਸਾਨੂੰ ਵੀ ਅਤੇ ਸਾਰੇ ਮੁਸਲਮਾਨਾਂ ਨੂੰ ਵੀ ਇਸ ਦੀ ਤੌਫ਼ੀਕ ਬਖਸ਼ੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ